# Official Spokesperson's response to media queries on false allegations made by Pakistan’s Foreign Minister

August 13, 2021

……………………………………………………………………………………………………

## ਪਾਕਿਸਤਾਨੀ ਵਿਦੇਸ਼ ਮੰਤਰੀ ਦੁਆਰਾ ਲਾਏ ਗਏ ਝੂਠੇ ਇਲਜ਼ਾਮਾਂ ਬਾਰੇ ਮੀਡੀਆ ਦੇ ਸਵਾਲਾਂ ਦਾ ਸਰਕਾਰੀ ਬੁਲਾਰੇ ਵੱਲੋਂ ਜਵਾਬ

13 ਅਗਸਤ, 2021

ਪਾਕਿਸਤਾਨੀ ਵਿਦੇਸ਼ ਮੰਤਰੀ ਦੁਆਰਾ ਲਾਏ ਗਏ ਝੂਠੇ ਇਲਜ਼ਾਮਾਂ ਬਾਰੇ ਮੀਡੀਆ ਦੇ ਸਵਾਲਾਂ ਦਾ ਜਵਾਬ ਦਿੰਦੇ ਹੋਏ ਸਰਕਾਰੀ ਬੁਲਾਰੇ ਸ਼੍ਰੀ ਅਰਿੰਦਮ ਬਾਗਚੀ ਨੇ ਕਿਹਾ,

“ਅਸੀਂ ਦਾਸੂ ਵਿੱਚ ਵਾਪਰੀ ਘਟਨਾ ਬਾਰੇ ਪਾਕਿਸਤਾਨ ਦੇ ਵਿਦੇਸ਼ ਮੰਤਰੀ ਦੁਆਰਾ ਕੀਤੀਆਂ ਗਈਆਂ ਬੇਤੁਕੀ ਟਿੱਪਣੀਆਂ ਬਾਰੇ ਰਿਪੋਰਟਾਂ ਪੜ੍ਹੀਆਂ ਹਨ।

ਖੇਤਰੀ ਅਸਥਿਰਤਾ ਦਾ ਧੁਰਾ ਅਤੇ ਪਾਬੰਦੀਸ਼ੁਦਾ ਅੱਤਵਾਦੀਆਂ ਦੀ ਸੁਰੱਖਿਅਤ ਪਨਾਹਗਾਹ ਦੇ ਰੂਪ ਆਪਣੀ ਭੂਮਿਕਾ ਤੋਂ ਆਲਮੀ ਪੱਧਰ ਤੇ ਧਿਆਨ ਭਟਕਾਉਣ ਲਈ ਪਾਕਿਸਤਾਨ ਵੱਲੋਂ ਭਾਰਤ ਨੂੰ ਬਦਨਾਮ ਕਰਨ ਲਈ ਕੀਤੀ ਗਈ ਇੱਕ ਹੋਰ ਕੋਸ਼ਿਸ਼ ਹੈ।

ਭਾਰਤ ਆਲਮੀ ਭਾਈਚਾਰੇ ਨਾਲ ਸਾਂਝੇਦਾਰੀ ਕਰ ਅੱਤਵਾਦ ਦੇ ਖਿਲਾਫ ਆਲਮੀ ਕੋਸ਼ਿਸ਼ਾਂ ਦੇ ਮਾਮਲੇ 'ਚ ਅੱਗੇ ਅੱਗੇ ਰਿਹਾ ਹੈ, ਜਿਸ ਮਾਮਲੇ 'ਚ ਆਲਮੀ ਭਾਈਚਾਰਾ ਪਾਕਿਸਤਾਨ ਦੇ ਰਿਕਾਰਡ ਤੋਂ ਚੰਗੀ ਤਰ੍ਹਾਂ ਜਾਣੂ ਹੈ। ਇਸ ਲਈ ਪਾਕਿਸਤਾਨ ਵੱਲੋਂ ਝੂਠ ਫੈਲਾਉਣ ਅਤੇ ਪ੍ਰਚਾਰ ਲਈ ਕੀਤੀਆਂ ਜਾ ਰਹੀਆਂ ਅਜਿਹੀਆਂ ਹਤਾਸ਼ਾਪੂਰਨ ਕੋਸ਼ਿਸ਼ਾਂ ਨੂੰ ਕੋਈ ਹਿਮਾਇਤ ਨਹੀਂ ਮਿਲੇਗੀ।”

ਨਵੀਂ ਦਿੱਲੀ
13 ਅਗਸਤ, 2021

DISCLAIMER: This is an approximate translation. The original is available in English on MEA’s website and may be referred to as the official press release.